The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 100
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੁਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874702, 0226554227
www.redcleaning.co.nz

22 April 2021, Daily, editornztasveer@gmail.com designnztasveer@gmail.com Ph/Fax: 09 390 4644

# ਹਵਾਈ ਯਾਤਰਾ ਸ਼ੁਰੂ ਕਰਦੇ ਹੀ ਨਿਊਜੀਲੈਂਡ 'ਚ ਮੁੜ ਕੋਰੋਨਾ ਨੇ ਦਿੱਤੀ ਦਸਤਕ






ਆਕਲੈਂਡ (ਐਨ. ਜ਼ੈਡ. ਤਸਵੀਰ) :- ਕੋਰੋਨਾ ਵਾਇਰਸ ਤੋਂ ਖੁਦ ਨੂੰ ਮੁਕਤ ਕਰ ਚੁੱਕੇ ਨਿਊਜੀਲੈਂਡ ਨੂੰ ਆਪਣੇ ਮੁਲਕ ਦੇ ਦਰਵਾਜੇ ਖੋਲ੍ਹਦੇ ਹੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਗਿਆ। 2 ਦਿਨ ਪਹਿਲਾਂ ਹੀ ਨਿਊਜੀਲੈਂਡ ਨੇ ਆਪਣੇ ਗੁਆਂਢੀ ਮੁਲਕ ਆਸਟ੍ਰੇਲੀਆ ਨਾਲ 'ਟ੍ਰੈਵਲ ਬਬਲ' ਭਾਵ ਯਾਤਰਾ ਵਿਵਸਥਾ ਨੂੰ ਮਨਜੂਰੀ ਦਿੱਤੀ ਸੀ। ਸੋਮਵਾਰ ਸੈਂਕੜੇ ਯਾਤਰੀ ਜਹਾਜ ਰਾਹੀਂ ਆਕਲੈਂਡ ਪਹੁੰਚੇ ਪਰ ਪਤਾ ਹੁਣ ਲੱਗਾ ਹੈ ਕਿ ਨਿਊਜੀਲੈਂਡ ਦੇ ਇਸ ਸਭ ਤੋਂ ਵੱਡੇ ਏਅਰਪੋਰਟ ਦਾ ਇਕ ਕਰਮਚਾਰੀ ਕੋਰੋਨਾ ਪਾਜੇਟਿਵ ਪਾਇਆ ਗਿਆ ਹੈ। ਇਸ ਦੀ ਜਾਣਕਾਰੀ ਖੁਦ ਪ੍ਰਧਾਨ ਮੰਤਰੀ ਜੇਸਿੰਡਾ ਅਰਡਰਨ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਕਰਮਚਾਰੀ ਨੂੰ ਪਹਿਲਾਂ ਵੈਕਸੀਨ ਦਿੱਤੀ ਜਾ ਚੁੱਕੀ ਹੈ ਅਤੇ ਰੋਜਾਨਾ ਜਾਂਚ ਦੌਰਾਨ ਇਹ ਪਾਜੇਟਿਵ ਪਾਇਆ ਗਿਆ ਹੈ। ਇਹ ਕਰਮਚਾਰੀ 'ਰੈੱਡ ਜੋਨ' ਅਤੇ ਵਧ ਜੋਖਿਮ ਵਾਲੇ ਮੁਲਕਾਂ ਤੋਂ ਆਉਣ ਵਾਲੇ ਜਹਾਜਾਂ ਦੀ ਸਫਾਈ ਦਾ ਕੰਮ ਕਰਦਾ ਸੀ। ਹਾਲਾਂਕਿ ਆਸਟ੍ਰੇਲੀਆਈ ਸਿਹਤ ਮੰਤਰੀ ਗ੍ਰੇਗ ਹੰਟ ਨੇ ਕਿਹਾ ਹੈ ਕਿ ਇਸ ਕੇਸ ਵਿਚ ਟ੍ਰੈਵਲ ਬਬਲ 'ਤੇ ਕੋਈ ਫਰਕ ਨਹੀਂ ਪੈਣ ਵਾਲਾ।

**ਪਹਿਲਾਂ ਹੀ ਸੀ ਸ਼ੰਕਾ**

ਨਿਊਜੀਲੈਂਡੇ ਦੀ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਗੱਲ ਦੀ ਸ਼ੰਕਾ ਪਹਿਲਾਂ ਹੀ ਜਤਾਈ ਜਾ ਰਹੀ ਸੀ। ਜੇਸਿੰਡਾ ਅਰਡਰਨ ਨੇ ਕਿਹਾ ਕਿ ਸਰਹੱਦ 'ਤੇ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆਉਣ ਦੀ ਸ਼ੰਕਾ ਪਹਿਲਾਂ ਹੀ ਸੀ। ਸਾਨੂੰ ਉਮੀਦ ਸੀ ਕਿ ਜਿਨ੍ਹਾਂ ਲੋਕਾਂ ਨੂੰ ਵੈਕਸੀਨ ਦਿੱਤੀ ਗਈ ਹੈ ਉਹ ਫਿਰ ਤੋਂ ਕੋਰੋਨਾ ਤੋਂ ਇਨਫੈਕਟਡ ਹੋ ਸਕਦੇ ਹਨ। ਹਾਲਾਂਕਿ ਬਸ ਇਹ ਹੈ ਕਿ ਵੈਕਸੀਨ ਨਾਲ ਜੋਖਿਮ ਘੱਟ ਹੋ ਜਾਂਦਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਸਰਹੱਦ 'ਤੇ ਲਾਪਰਵਾਹੀ ਵਰਤੀ ਜਾ ਰਹੀ ਹੈ। ਸਿੱਧੀ ਜਿਹੀ ਗੱਲ ਇਹ ਹੈ ਕਿ ਜਿਹੜਾ ਵਿਅਕਤੀ ਰੈੱਡ ਜੋਨ ਤੋਂ ਆਏ ਜਹਾਜ ਦੀ ਸਫਾਈ ਕਰ ਰਿਹਾ ਸੀ, ਉਹ ਪਾਜੇਟਿਵ ਆਇਆ ਹੈ।

# ਨਿਊਜ਼ੀਲੈਂਡ ਨੇ ਸਿਹਤ ਵਿਭਾਗ ਅਤੇ ਉਚ ਮੁਹਾਰਤ ਰੱਖਣ ਵਾਲਿਆਂ ਦੇ ਪਰਿਵਾਰਾਂ ਲਈ ਖੋਲ੍ਹੇ ਦਰਵਾਜ਼ੇ



ਆਕਲੈਂਡ (ਐਨ. ਜ਼ੈਡ. ਤਸਵੀਰ) :- ਗਲੋਬਲ ਪੱਧਰ 'ਤੇ ਫੈਲੀ ਕੋਰੋਨਾ ਲਾਗ ਦੀ ਬੀਮਾਰੀ ਕਾਰਨ ਜਿੱਥੇ ਇਕ ਪਾਸੇ ਜਿੱਥੇ ਜਿਆਦਾਤਰ ਦੇਸ਼ਾਂ ਨੇ ਆਪਣੇ ਬਾਰਡਰ ਅੰਤਰਰਾਸ਼ਟਰੀ ਯਾਤਰੀਆਂ ਲਈ ਬੰਦ ਕੀਤੇ ਹੋਏ ਹਨ ਉੱਥੇ ਨਿਊਜੀਲੈਂਡ ਦੇ ਇਮੀਗ੍ਰੇਸਨ ਮੰਤਰੀ ਕ੍ਰਿਸ ਫਾਫੋਈ ਨੇ ਬੰਦ ਪਏ ਬਾਰਡਰਾਂ ਨੂੰ ਖੋਲ੍ਹਦੇ ਹੋਏ ਨਿਯਮਾਂ ਵਿਚ ਕੁਝ ਨਵੇਂ ਲੋਕਾਂ ਦੀ ਆਮਦ ਨੂੰ ਇਜਾਜਤ ਦਿੱਤੀ ਹੈ। ਹੁਣ ਸਰਕਾਰ ਨੇ ਕਿਹਾ ਹੈ ਕਿ ਨਿਊਜੀਲੈਂਡ ਵਿਚ ਜਿਹੜੇ ਲੋਕ ਸਿਹਤ ਵਿਭਾਗ ਵਿਚ ਕੰਮ ਕਰਦੇ ਹਨ ਜਾਂ ਫਿਰ ਬਹੁਤ ਹੀ ਉਚ ਮੁਹਾਰਤ ਕਿੱਤਿਆਂ ਵਿਚ ਕੰਮ ਕਰਦੇ ਹਨ, ਉਨ੍ਹਾਂ ਦੇ ਪਰਿਵਾਰਕ ਮੈਂਬਰ ਇਥੇ ਆ ਸਕਣਗੇ। ਇਸ ਤੋਂ ਇਲਾਵਾ ਨਿਊਜੀਲੈਂਡ ਰਹਿ ਰਹੇ ਉਹ ਲੋਕ ਜਿਨ੍ਹਾਂ ਦੇ ਵਿਦੇਸ ਰਹਿੰਦੇ ਪਾਰਟਨਰਜ ਅਤੇ ਛੋਟੇ ਬੱਚਿਆਂ ਦੇ ਵੀਜੇ ਲੱਗੇ ਸਨ ਉਹ ਵੀ ਹੁਣ ਇੱਥੇ ਆ ਸਕਣਗੇ ਪਰ ਸਰਤ ਇਹ ਹੈ ਕਿ ਇਥੇ ਰਹਿ ਰਿਹਾ ਮੈਂਬਰ ਪਿਛਲੇ 12 ਮਹੀਨਿਆਂ ਤੋਂ ਇਥੇ ਰਹਿੰਦਾ ਹੋਣਾ ਚਾਹੀਦਾ ਹੈ। ਇਮੀਗ੍ਰੇਸਨ ਮੰਤਰੀ ਕ੍ਰਿਸ ਫਾਫੋਈ ਨੇ ਕਿਹਾ ਹੈ ਕਿ ਇਸ ਛੋਟ ਨਾਲ ਸੈਂਕੜੇ ਪਰਿਵਾਰ ਇੱਥੇ ਆ ਕੇ ਆਪਣੇ ਪਰਿਵਾਰਾਂ ਨਾਲ ਮਿਲ ਸਕਣਗੇ। ਸਰਕਾਰ ਨੇ ਕੋਵਿਡ-19 ਦੇ ਚਲਦਿਆਂ ਵੱਖ-ਵੱਖ ਸਰਤਾਂ ਅਧੀਨ ਇਥੇ ਲੋਕਾਂ ਨੂੰ ਆਉਣ ਲਈ ਦਿਸਾ ਨਿਰਦੇਸ ਲਾਗੂ ਕਰ ਦਿੱਤੇ ਸਨ, ਜਿਨ੍ਹਾਂ ਦੇ ਵਿਚ ਹੁਣ ਹਲਕੀ ਹਲਕੀ ਢਿੱਲ ਦਿੱਤੀ ਜਾ ਰਹੀ ਹੈ।

ਨਵੇਂ ਦਿਸਾ ਨਿਰਦੇਸਾਂ ਹੇਠ ਹੁਣ ਵੀਜਾ ਅਰਜੀਆਂ ਦੀ ਮੰਗ ਕੀਤੀ ਗਈ ਹੈ। ਮੰਤਰੀ ਕ੍ਰਿਸ ਫਾਫੋਈ ਨੇ ਕਿਹਾ ਹੈ ਕਿ "ਨਿਊਜੀਲੈਂਡ ਪੂਰੀ ਦੁਨੀਆ ਦਾ ਧਿਆਨ ਖਿੱਚ ਰਿਹਾ ਸੀ ਕਿ ਅਸੀਂ ਕੋਵਿਡ ਤੋਂ ਕਿਵੇਂ ਬਚ ਰਹੇ ਹਾਂ ਅਤੇ ਦੇਸ ਦੀ ਆਰਥਿਕਤਾ ਕਿਵੇਂ ਬਚਾ ਰਹੇ ਹਾਂ। ਇਸ ਦਰਮਿਆਨ ਅਸੀਂ ਇਹ ਵੀ ਪੂਰੀ ਤਰ੍ਹਾਂ ਸਮਝਦੇ ਸੀ ਕਿ ਪ੍ਰਵਾਸੀ ਕਾਮਿਆਂ ਦੀਆਂ ਪਰਿਵਾਰਕ ਮੁਸਕਲਾਂ ਕਿਵੇਂ ਵਧੀਆ ਹਨ।" ਪਿਛਲੀਆਂ ਦਿੱਤੀਆਂ ਛੋਟਾਂ ਨਾਲ 13,000 ਲੋਕ ਇੱਥੇ ਆਪਣੇ ਵਿਛੜੇ ਪੱਕੇ ਅਤੇ ਨਾਗਰਿਕਤਾ ਵਾਲੇ ਪਰਿਵਾਰਾਂ ਦੇ ਨਾਲ ਆ ਕੇ ਮਿਲੇ ਸਨ ਅਤੇ 13,000 ਹੋਰ ਲੋਕ ਜੋ ਕਿ ਅਸਥਾਈ ਕੰਮ ਵੀਜੇ 'ਤੇ ਸਨ ਉਹ ਆ ਕੇ ਮਿਲੇ ਸਨ। ਇਸ ਤੋਂ ਇਲਾਵਾ 2500 ਉਹ ਪਰਿਵਾਰਕ ਮੈਂਬਰ ਵੀ ਆਏ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਇੱਥੇ ਬਹੁਤ ਹੀ ਮਹੱਤਵਪੂਰਨ ਸੰਕਟਮਈ ਕੰਮਾਂ ਵਿਚ ਲੱਗੇ ਸਨ। ਆਸਟ੍ਰੇਲੀਆ ਵਾਸੀਆਂ ਨੂੰ ਇਸ ਦੇ ਤਹਿਤ ਕੁਆਰੰਟੀਨ ਫ੍ਰੀ ਵਾਲੀ ਸਹੂਲਤ ਦਾ ਫਾਇਦਾ ਮਿਲੇਗਾ। ਨਵੀਂਆਂ ਛੋਟਾਂ ਵਾਲਿਆਂ ਲਈ ਅਰਜੀਆਂ 30 ਅਪ੍ਰੈਲ ਤੋਂ ਲਈਆਂ ਜਾਣਗੀਆਂ।

# ਅਧਿਐਨ 'ਚ ਦਾਅਵਾ, ਅਗਲੇ 50 ਸਾਲਾਂ 'ਚ ਨਿਊਜੀਲੈਂਡ 'ਚ ਆ ਸਕਦੈ ਵੱਡੀ ਤਬਾਹੀ ਵਾਲਾ ਭੂਚਾਲ



ਆਕਲੈਂਡ (ਐਨ. ਜ਼ੈਡ. ਤਸਵੀਰ) :- ਧਰਤੀ ਦੇ ਵੱਖ-ਵੱਖ ਹਿੱਸਿਆਂ ਵਿਚ ਅਕਸਰ ਭੂਚਾਲ ਆਉਂਦੇ ਰਹਿੰਦੇ ਹਨ। ਹੁਣ ਇਕ ਨਵੇਂ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਨਿਊਜੀਲੈਂਡ ਵਿਚ ਅਗਲੇ 50 ਸਾਲਾਂ ਵਿਚ ਕਦੇ ਵੀ ਇਕ ਵੱਡਾ ਭੂਚਾਲ ਆ ਸਕਦਾ ਹੈ। ਇਹ ਭੂਚਾਲ ਜਬਰਦਸਤ ਤਬਾਹੀ ਲਿਆ ਸਕਦਾ ਹੈ। ਉਂਝ ਵੀ ਇੱਥੇ ਅਕਸਰ ਭੂਚਾਲ ਆਉਂਦੇ ਰਹਿੰਦੇ ਹਨ। ਵੈਲਿੰਗਟਨ ਦੀ ਵਿਕਟੋਰੀਆ ਯੂਨੀਵਰਸਿਟੀ ਦਾ ਮੰਨਣਾ ਹੈ ਕਿ ਅਗਲੇ 50 ਸਾਲਾਂ ਵਿਚ ਦੱਖਣੀ ਆਈਸਲੈਂਡ ਫਾਲਟ ਕਾਰਨ ਵੱਡਾ ਭੂਚਾਲ ਆ ਸਕਦਾ ਹੈ। ਇਸ ਦੀ ਤੀਬਰਤਾ 8.0 ਤੱਕ ਹੋ ਸਕਦੀ ਹੈ। ਆਸਟ੍ਰੇਲੀਅਨ ਅਤੇ ਪੈਸੀਫਿਕ ਟੈਕਟੋਨਿਕ ਪਲੇਟਸ ਦੇ ਜੋੜ 'ਤੇ ਦੱਖਣੀ ਆਈਸਲੈਂਡ ਨਾਲ ਲੱਗਦਾ ਅਲਪਾਇਨ ਫਾਲਟ ਮੌਜੂਦ ਹੈ। ਯੂਨੀਵਰਸਿਟੀ ਦੇ ਸੀਨੀਅਰ ਲੈਕਚਰਾਰ ਜੇਮੀ ਹੋਵਾਰਥ ਨੇ ਪਿਛਲੇ 20 ਅਲਪਾਇਨ ਫਾਲਟ ਭੂਚਾਲ ਦਾ ਅਧਿਐਨ ਕੀਤਾ ਹੈ। ਉਹਨਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿਚ ਸ਼ਕਤੀਸ਼ਾਲੀ ਭੂਚਾਲ ਆ ਸਕਦਾ ਹੈ, ਜੋ ਅਨੁਮਾਨ ਨਾਲੋਂ ਵੀ ਵੱਡਾ ਹੋਵੇਗਾ।

ਉਹਨਾਂ ਨੇ ਕਿਹਾ ਕਿ ਪਿਛਲੇ ਭੂਚਾਲਾਂ ਦੇ ਰਿਕਾਰਡ ਤੋਂ ਅਸੀਂ ਮੰਨ ਸਕਦੇ ਹਾਂ ਕਿ ਅਗਲੇ 50 ਸਾਲ ਵਿਚ 7.0 ਜਾਂ ਇਸ ਤੋਂ ਵੱਧ ਦੀ ਤੀਬਰਤਾ ਦਾ ਭੂਚਾਲ ਆਉਣ ਦੀ ਸੰਭਾਵਨਾ 75 ਫੀਸਦੀ ਹੈ। ਉਹਨਾਂ ਨੇ ਕਿਹਾ ਕਿ ਅਸੀਂ ਕਹਿ ਸਕਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਅਲਪਾਇਨ ਫਾਲਟ ਖੇਤਰ ਵਿਚ ਇਕ ਵੱਡੇ ਭੂਚਾਲ ਦੇ ਗਵਾਹ ਬਣ ਸਕਦੇ ਹਾਂ। ਇਸ ਦੀ ਤੁਲਨਾ 1717 ਦੇ ਭੂਚਾਲ ਨਾਲ ਕੀਤੀ ਜਾ ਸਕਦੀ ਹੈ, ਜਿਸ ਦੀ ਤੀਬਰਤਾ 8.1 ਸੀ। ਇਸ ਨਾਲ ਅਲਪਾਇਨ ਫਾਲਟ ਵਿਚ 380 ਕਿਲੋਮੀਟਰ ਦਰਾੜ ਆ ਗਈ ਸੀ। ਡਾਕਟਰ ਹੋਵਾਰਥ ਕਹਿੰਦੇ ਹਨ ਕਿ ਅਗਲਾ ਭੂਚਾਲ ਸਾਡੇ ਰਹਿੰਦੇ ਹੀ ਆ ਸਕਦਾ ਹੈ। ਸਾਨੂੰ ਇਸ ਸੰਬੰਧੀ ਸਾਵਧਾਨ ਰਹਿਣਾ ਹੋਵੇਗਾ ਅਤੇ ਅਗਲੀ ਯੋਜਨਾ ਬਣਾਉਣੀ ਹੋਵੇਗੀ। ਸਾਨੂੰ ਦੇਖਣਾ ਹੋਵੇਗਾ ਕਿ ਅਸੀਂ ਭਵਿੱਖ ਵਿਚ ਕਿਸ ਤਰ੍ਹਾਂ ਦੀ ਯੋਜਨਾ ਬਣਾਉਂਦੇ ਹਾਂ ਅਤੇ ਕਿਸ ਤਰ੍ਹਾਂ ਆਪਣੇ ਬੁਨਿਆਦੀ ਢਾਂਚੇ ਨੂੰ ਮਜਬੂਤ ਬਣਾਉਂਦੇ ਹਾਂ।

# ਨਿਊਜੀਲੈਂਡ ਦੇ ਫੈਸਲੇ 'ਫਾਈਵ ਆਈਜ ਅਲਾਇੰਸ' ਲਈ ਬਣੇ ਚਿੰਤਾ ਦਾ ਵਿਸ਼ਾ

ਵੈਲਿੰਗਟਨ (ਬਿਊਰੋ): ਨਿਊਜੀਲੈਂਡ ਸਰਕਾਰ ਵੱਲੋਂ ਲਏ ਗਏ ਕੁਝ ਫੈਸਲਿਆਂ ਨਾਲ ਇਕ ਸਵਾਲ ਖੜ੍ਹਾ ਹੋਇਆ ਹੈ। ਮਤਲਬ ਕਿਤੇ ਉਹ ਖੁਦ ਨੂੰ ਅਮਰੀਕੀ ਕੈਂਪ ਤੋਂ ਦੂਰ ਤਾਂ ਨਹੀਂ ਕਰਨਾ ਚਾਹੁੰਦਾ। ਸੋਮਵਾਰ ਨੂੰ ਨਿਊਜੀਲੈਂਡ ਦੀ ਵਿਦੇਸ਼ ਮੰਤਰੀ ਨਾਨਿਯਾ ਮਾਹੁਟਾ ਨੇ ਦੋ ਟੂਕ ਕਿਹਾ ਕਿ ਉਹਨਾਂ ਦਾ ਦੇਸ਼ ਫਾਈਵ ਆਈਜ ਇੰਟੈਲੀਜੈਂਸ ਸ਼ੇਅਰਿੰਗ ਅਲਾਇੰਸ (ਖੁਫੀਆ ਸੂਚਨਾਵਾਂ ਦਾ ਲੈਣ-ਦੇਣ ਕਰਨ ਵਾਲੇ ਪੰਜ ਦੇਸ਼ਾਂ ਦੇ ਗਠਜੋੜ) ਦੀ ਵਿਦੇਸ਼ ਨੀਤੀ ਨੂੰ ਨਿਰਦੇਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਤੋਂ ਅਸਹਿਜ ਹੈ। ਇੱਥੇ ਦੱਸ ਦਈਏ ਕਿ ਫਾਈਵ ਆਈਜ ਸ਼ੇਅਰਿੰਗ ਅਲਾਇੰਸ ਦੂਜੇ ਵਿਸ਼ਵ ਯੁੱਧ ਦੇ ਬਾਅਦ ਬਣਿਆ ਸੀ। ਇਸ ਵਿਚ ਨਿਊਜੀਲੈਂਡ ਦੇ ਇਲਾਵਾ ਅਮਰੀਕਾ, ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਸ਼ਾਮਲ ਹਨ। ਇਹ ਦੇਸ਼ ਇਸ ਅਲਾਇੰਸ ਦੇ ਤਹਿਤ ਖੁਫੀਆ ਸੂਚਨਾਵਾਂ ਆਪਸ ਵਿਚ ਸਾਂਝੀਆਂ ਕਰਦੇ ਹਨ। ਅਲਾਇੰਸ ਨੇ ਹਾਲ ਹੀ ਦੇ ਮਹੀਨਿਆਂ ਵਿਚ ਚੀਨ ਨਾਲ ਸਬੰਧਤ ਕਈ ਮਾਮਲਿਆਂ ਵਿਚ ਬਿਆਨ ਜਾਰੀ ਕੀਤੇ ਹਨ। ਉਹਨਾਂ ਵਿਚ ਚੀਨ ਦੇ ਸ਼ਿਨਜਿਆਂਗ ਸੂਬੇ ਵਿਚ ਉਇਗਰ ਮੁਸਲਮਾਨਾਂ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਹਾਂਗਕਾਂਗ ਮਾਮਲਾ ਵੀ ਸ਼ਾਮਲ ਹੈ। ਸੋਮਵਾਰ ਨੂੰ ਨਿਊਜੀਲੈਂਡ-ਚੀਨ ਕੌਂਸਲ ਦੀ ਬੈਠਕ ਨੂੰ ਸੰਬੋਧਿਤ ਕਰਦਿਆਂ ਮਾਹੁਟਾ ਨੇ ਕਿਹਾ,"ਅਸੀਂ ਫਾਈਵ ਆਈਜ ਸ਼ੇਅਰਿੰਗ ਅਲਾਇੰਸ ਦੇ ਸਾਥੀਆਂ ਦੇ ਸਾਹਮਣੇ ਇਹ ਕਿਹਾ ਹੈ ਕਿ ਇਸ ਗਠਜੋੜ ਦੇ ਸੰਬੰਧਾਂ ਦਾ ਦਾਇਰਾ ਵਧਾਉਣ ਦੀਆਂ ਕੋਸ਼ਿਸ਼ਾਂ ਤੋਂ ਅਸੀ ਅਸਹਿਜ ਹਾਂ। ਇਸ ਦੇ ਬਦਲੇ ਅਸੀਂ ਵਿਭਿੰਨ ਮੁੱਦਿਆਂ 'ਤੇ ਅਸੀਂ ਆਪਣੇ ਹਿੱਤਾਂ ਨੂੰ ਜਾਹਰ ਕਰਨ ਦੇ ਬਹੁਪੱਖੀ ਮੌਕਿਆਂ ਦੀ ਤਲਾਸ਼ ਕਰਾਂਗੇ।"

**ਚੀਨ ਅਤੇ ਨਿਊਜੀਲੈਂਡ ਵਪਾਰਕ ਹਿੱਸੇਦਾਰ**

ਚੀਨ ਨਿਊਜੀਲੈਂਡ ਦਾ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਹੈ। ਦੋਹਾਂ ਦੇਸ਼ਾਂ ਵਿਚ ਸਲਾਨਾ ਵਪਾਰ 29.5 ਅਰਬ ਡਾਲਰ ਤੱਕ ਪਹੁੰਚ ਚੁੱਕਾ ਹੈ। ਉੱਧਰ ਚੀਨ ਨੇ ਹਾਲ ਹੀ ਵਿਚ ਫਾਈਵ ਆਈਜ ਗਠਜੋੜ ਦੀ ਸਖਤ ਆਲੋਚਨਾ ਕੀਤੀ ਹੈ। ਸ਼ਿਨਜਿਆਂਗ ਮਾਮਲੇ ਵਿਚ ਉਸ ਦੇ ਬਿਆਨ ਦੇ ਬਾਅਦ ਚੀਨ ਨੇ ਕਿਹਾ ਸੀ ਕਿ ਫਾਈਵ ਆਈਜ ਵਿਚ ਸ਼ਾਮਲ ਦੇਸ਼ ਚੀਨ ਖਲਿਾਫ ਗੁਟਬੰਦੀ ਕਰ ਰਹੇ ਹਨ ਪਰ ਹਾਲ ਹੀ ਵਿਚ ਨਿਊਜੀਲੈਂਡ ਨੇ ਲਗਾਤਾਰ ਇਸ ਗਠਜੋੜ ਤੋਂ ਦੂਰੀ ਬਣਾਉਣ ਦੇ ਸੰਕੇਤ ਦਿੱਤੇ ਹਨ। ਪਿਛਲੇ ਸਾਲ ਜਨਵਰੀ ਵਿਚ ਜਦੋਂ ਫਾਈਵ ਆਈਜ ਨੇ ਹਾਂਗਕਾਂਗ ਵਿਚ ਗ੍ਰਿਫਤਾਰੀਆਂ ਦੇ ਮਾਮਲੇ ਵਿਚ ਬਿਆਨ ਜਾਰੀ ਕੀਤ ਤਾਂ ਉਸ 'ਤੇ ਨਿਊਜੀਲੈਂਡ ਨੇ ਦਸਤਖਤ ਨਹੀਂ ਕੀਤੇ। ਉਸ ਮਗਰੋਂ ਮਾਰਚ ਵਿਚ ਚੀਨ ਅਤੇ ਨਿਊਜੀਲੈਂਡ ਨੇ ਆਪਣੇ ਵਿਚਾਲੇ ਮੌਜੂਦ ਮੁਕਤ ਵਪਾਰ ਸਮਝੌਤੇ ਦਾ ਦਰਜਾ ਵਧਾਉਣ ਦਾ ਫੈਸਲਾ ਕੀਤਾ। ਫਾਈਵ ਆਈਜ ਗਠਜੋੜ ਤੋਂ ਨਿਊਜੀਲੈਂਡ ਦੀ ਬਣ ਰਹੀ ਦੂਰੀ ਦਾ ਸਾਫ ਸੰਕੇਤ ਪਿਛਲੇ ਮਹੀਨੇ ਵੀ ਮਿਲਿਆ ਸੀ ਜਦੋਂ ਉਸ ਨੇ ਇਸ ਗਠਜੋੜ ਅਤੇ ਹੋਰ ਦੇਸ਼ਾਂ ਦੇ ਉਸ ਬਿਆਨ 'ਤੇ ਦਸਤਖਤ ਕਰਨ ਤੋਂ ਮਨਾ ਕਰ ਦਿੱਤਾ ਜਿਸ ਵਿਚ ਕੋਵਿਡ-19 ਮਹਾਮਾਰੀ ਦੀ ਉਤਪੱਤੀ ਸੰਬੰਧੀ ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੀ ਆਲੋਚਨਾ ਕੀਤੀ ਗਈ ਸੀ। ਇਹਨਾਂ ਕਦਮਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਦੀ ਸਰਕਾਰ ਦੀ ਦੇਸ਼ ਦੇ ਅੰਦਰ ਉਹਨਾਂ ਦੇ ਕੰਜਰਵੇਟਿਵ ਵਿਰੋਧੀਆਂ ਨੇ ਆਲੋਚਨਾ ਕੀਤੀ ਹੈ। ਉਹਨਾਂ ਨੇ ਜੈਸਿੰਡਾ ਸਰਕਾਰ 'ਤੇ ਫਾਈਵ ਆਈਜ ਦੀ ਇਕਜੁੱਟਤਾ ਤੋੜਨ ਦਾ ਦੋਸ਼ ਲਗਾਇਆ ਹੈ ਪਰ ਮਾਹੂਟਾ ਨੇ ਕਿਹਾ ਕਿ ਨਿਊਜੀਲੈਂਡ ਸਰਕਾਰ ਕੂਟਨੀਤੀ ਅਤੇ ਵਾਰਤਾ ਜਰੀਏ ਇਕ ਸਥਿਰ ਨੀਤੀ ਅਪਨਾ ਰਹੀ ਹੈ। ਉਹਨਾਂ ਨੇ ਕਿਹਾ ਕਿ ਮਨੁੱਖੀ ਅਧਿਕਾਰ ਜਿਹੇ ਮਾਮਲਿਆਂ ਨੂੰ ਨਿਰੰਤਰਤਾ ਦੇ ਨਾਲ ਦੇਸ਼ ਨਾਲ ਜੁੜੇ ਸਵਾਲਾਂ ਦੇ ਬਾਰੇ ਵਿਚ ਦੇਖਿਆ ਜਾਣਾ ਚਾਹੀਦਾ ਹੈ। ਕਝ ਸਮਾਂ ਅਜਿਹਾ ਅਸੀਂ ਉਹਨਾਂ ਦੇਸ਼ਾਂ ਨਾਲ ਮਿਲ ਕੇ ਕਰਦੇ ਹਾਂ ਜਿਹਨਾਂ ਨਾਲ ਸਾਡਾ ਵਿਚਾਰ ਮਿਲਦਾ ਹੈ ਅਤੇ ਕਦੇ ਅਸੀਂ ਅਜਿਹਾ ਇਕੱਲਾ ਕਰਦੇ ਹਾਂ।